# ਦਫ਼ਤਰ ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਨਗਰ ਨਿਗਮ, ਐਸ.ਏ.ਐਸ ਨਗਰ ਦੀ ਸਪੈਸ਼ਲ ਮੀਟਿੰਗ (ਬਜ਼ਟ ਮੀਟਿੰਗ) ਮਿਤੀ: 24-03-2023 ਨੂੰ ਸਮਾਂ ਸਵੇਰੇ 11:00 ਵਜੇ ਸ਼੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ਼੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 18 | ਸ਼੍ਰੀ ਕੁਲਵੰਤ ਸਿੰਘ | 35 | ਸ਼੍ਰੀ ਅਰੁਨਾ ਸ਼ਰਮਾ |
| 8 | ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 19 | ਸ਼੍ਰੀਮਤੀ ਰਾਜ ਰਾਣੀ ਜੈਨ | 36 | ਸ਼੍ਰੀ ਪ੍ਰਮੋਦ ਕੁਮਾਰ |
| 1 | ਸ਼੍ਰੀਮਤੀ ਜਸਪ੍ਰੀਤ ਕੋਰ | 20 | ਸ਼੍ਰੀ ਰਿਸ਼ਵ ਜੈਨ | 37 | ਸ਼੍ਰੀਮਤੀ ਗੁਰਪ੍ਰੀਤ ਕੋਰ |
| 3 | ਸ਼੍ਰੀਮਤੀ ਦਵਿੰਦਰ ਕੋਰ ਵਾਲਿਆ | 21 | ਸ਼੍ਰੀਮਤੀ ਹਰਸ਼ਪ੍ਰੀਤ ਕੌਰ ਭੰਮਰਾ | 38 | ਸ਼੍ਰੀ ਸਰਬਜੀਤ ਸਿੰਘ |
| 4 | ਸ਼੍ਰੀ ਰਜਿੰਦਰ ਸਿੰਘ ਰਾਣਾ | 22 | ਸ਼੍ਰੀ ਜਸਬੀਰ ਸਿੰਘ ਮੰਣਕੂ | 39 | ਸ਼੍ਰੀਮਤੀ ਕਰਮਜੀਤ ਕੋਰ |
| 5 | ਸ਼੍ਰੀਮਤੀ ਰੁਪਿੰਦਰ ਕੋਰ ਰੀਨਾ | 23 | ਸ਼੍ਰੀਮਤੀ ਜਤਿੰਦਰ ਕੋਰ | 40 | ਸ਼੍ਰੀ ਸੁੱਚਾ ਸਿੰਘ ਕਲੋੜ |
| 6 | ਸ਼੍ਰੀ ਜਸਪ੍ਰੀਤ ਸਿੰਘ ਗਿੱਲ | 24 | ਸ਼੍ਰੀ ਚਰਨ ਸਿੰਘ ਮਾਸਟਰ | 41 | ਸ਼੍ਰੀਮਤੀ ਕੁਲਵੰਤ ਕੋਰ |
| 7 | ਸ਼੍ਰੀਮਤੀ ਬਲਜੀਤ ਕੋਰ | 25 | ਸ਼੍ਰੀ ਮਨਜੀਤ ਕੋਰ | 44 | ਸ਼੍ਰੀ ਜਗਦੀਸ ਸਿੰਘ |
| 9 | ਸ਼੍ਰੀਮਤੀ ਬਲਰਾਜ ਕੋਰ | 26 | ਸ਼੍ਰੀ ਰਵਿੰਦਰ ਸਿੰਘ | 45 | ਸ਼੍ਰੀਮਤੀ ਮੀਨਾ ਕੌਂਡਲ |
| 11 | ਸ਼੍ਰੀਮਤੀ ਅਨੁਰਾਧਾ ਆਨੰਦ ਅੰਨੂ | 27 | ਸ਼੍ਰੀਮਤੀ ਪਰਵਿੰਦਰ ਕੋਰ | 46 | ਸ਼੍ਰੀ ਰਵਿੰਦਰ ਸਿੰਘ |
| 12 | ਸ਼੍ਰੀ ਪਰਮਜੀਤ ਸਿੰਘ ਹੈਪੀ | 28 | ਸ਼੍ਰੀਮਤੀ ਰਮਨਪ੍ਰੀਤ ਕੋਰ | 47 | ਸ਼੍ਰੀਮਤੀ ਸੁਮਨ |
| 13 | ਸ਼੍ਰੀਮਤੀ ਨਮਰਤਾ ਸਿੰਘ | 30 | ਸ਼੍ਰੀ ਵਿਨੀਤ ਮਲਿਕ | 48 | ਸ਼੍ਰੀ ਨਰਾਇਣ ਸਿੰਘ ਸਿੱਧੂ |
| 14 | ਸ਼੍ਰੀ ਕਮਲਪ੍ਰੀਤ ਸਿੰਘ ਬਨੀ | 31 | ਸ਼੍ਰੀਮਤੀ ਕੁਲਜਿੰਦਰ ਕੋਰ | 49 | ਸ਼੍ਰੀਮਤੀ ਗੁਰਪ੍ਰੀਤ ਕੋਰ |
| 15 | ਸ਼੍ਰੀਮਤੀ ਨਿਰਮਲ ਕੋਰ | 33 | ਸ਼੍ਰੀਮਤੀ ਹਰਜਿੰਦਰ ਕੋਰ ਬੈਦਵਾਨ | | |
| 16 | ਸ਼੍ਰੀ ਨਰਪਿੰਦਰ ਸਿੰਘ ਰੰਗੀ | 34 | ਸ਼੍ਰੀ ਸੁਖਦੇਵ ਸਿੰਘ | | |

1) ਮਾਨਯੋਗ ਹਾਊਸ ਵੱਲੋਂ ਮੀਟਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਿਛਲੇ ਦਿਨਾਂ ਵਿੱਚ ਬਿਛੜੀਆਂ ਰੂਹ ਸ਼੍ਰੀਮਤੀ ਨਵਜੋਤ ਕੌਰ ਪੀ.ਸੀ.ਐਸ, ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਦੇ ਸਹੁਰਾ ਸਾਹਿਬ ਸ਼੍ਰੀ ਨਰਿੰਦਰ ਲਾਲ ਵਾਲੀਆ, ਸ਼੍ਰੀ ਸੰਤੋਖ ਸਿੰਘ, ਮੌਜੂਦਾ ਐਮ.ਪੀ. ਅਤੇ ਸ਼੍ਰੀ ਐਨ.ਕੇ.ਮਰਵਾਹਾ, ਸਾਬਕਾ ਮੀਤ ਪ੍ਰਧਾਨ ਅਤੇ ਸਾਬਕਾ ਕੌਸਲਰ, ਨਗਰ ਕੌਸਲ, ਐਸ.ਏ.ਐਸ ਨਗਰ (ਮੋਹਾਲੀ) ਜੀ ਦੀ ਅਚਾਨਕ ਮੌਤ ਹੋ ਗਈ ਹੈ ਤੇ ਹਾਊਸ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਬਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ 2 ਮਿੰਟ ਦਾ ਮੌਨ ਰੱਖਿਆ ਗਿਆ।

2) ਇਸ ਉਪਰੰਤ ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਵੱਲੋਂ ਪ੍ਰੋਪਰਟੀ ਟੈਕਸ ਸ਼ਾਖਾ ਦੇ ਸਾਲ 2022-23 ਦੇ ਬਜਟ ਵਿੱਚ 2200.00 ਲੱਖ ਰੁਪਏ ਦੇ ਟੀਚੇ ਵਿਰੁੱਧ 3100.00 ਲੱਖ ਰੁਪਏ ਆਮਦਨ ਹੋਣ ਤੇ ਸਮੂਹ ਪ੍ਰੋਪਰਟੀ ਟੈਕਸ ਦੇ ਸਾਖਾ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਨਗਰ ਨਿਗਮ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਗਈ। ਇਸ ਤੋਂ ਇਲਾਵਾ ਵੱਲੋਂ ਕਿਹਾ ਗਿਆ ਕਿ ਪ੍ਰੋਪਰਟੀ ਟੈਕਸ ਸ਼ਾਖਾ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਜਾਰੀ ਕੀਤੇ ਜਾਣ ਅਤੇ ਇਹਨਾਂ ਦੀ ਵਧੀਆਂ ਕਾਰਗੁਜਾਰੀ ਲਈ ਸਰਵਿਸ ਬੁੱਕ ਵਿੱਚ ਐਂਟਰੀ ਕੀਤੀ ਜਾਵੇ।

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 169 | 24-03-2023 | **<u>ਨਗਰ ਨਿਗਮ, ਐਸ.ਏ.ਐਸ ਨਗਰ ਦਾ ਸਾਲ 2022-2023 ਦਾ ਰਿਵਾਇਜਡ ਕੀਤੇ ਬਜਟ ਅਤੇ 2023-2024 ਦੇ ਬਜਟ ਦੀ ਪ੍ਰਵਾਨਗੀ ਬਾਰੇ।</u>**<br>ਨਗਰ ਨਿਗਮ ਦੇ ਵਿੱਤੀ ਸਾਲ 2023-2024 ਦੇ ਬਜਟ ਦੀ ਤਜਵੀਜ ਤਿਆਰ ਕੀਤੀ ਗਈ ਹੈ। ਸਰਕਾਰ ਦੁਆਰਾ ਜਾਰੀ ਹਦਾਇਤਾਂ ਤਹਿਤ ਦਸੰਬਰ-2022 ਤੱਕ ਹੋਈ ਆਮਦਨ ਅਤੇ ਖਰਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਲ 2022-23 ਦਾ ਪ੍ਰਵਾਨਿਤ ਬਜਟ ਰਿਵਾਇਜਡ ਕਰਨ ਦੀ ਤਜਵੀਜ ਤਿਆਰ ਕੀਤੀ ਗਈ ਹੈ। ਨਗਰ ਨਿਗਮ ਐਕਟ 1976 ਦੀ ਧਾਰਾ 82 ਅਤੇ 86 ਅਧੀਨ ਇਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਲੌੜੀਂਦੀ ਹੈ। ਤਜਵੀਜੀ ਬਜਟ ਸਾਲ 2023-2024 ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।<br>**<u>ਬਜਟ ਦਾ ਮੁੱਖ ਬਿਓਰਾ :-</u>**<br>ਸਾਲ 2022-2023 ਦੇ ਬਜਟ ਵਿਚ ਰੁ 1367.00 ਲੱਖ ਰੁਪਏ ਕੁਲ ਆਮਦਨ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ, ਦਸੰਬਰ 2022 ਤੱਕ ਅਸਲ ਆਮਦਨ 8748.19 ਲੱਖ ਰੁਪਏ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਆਮਦਨ ਮਾਰਚ 2023 ਤੱਕ 13391.54 ਲੱਖ ਰੁਪਏ ਹੋਣ ਦੀ ਉਮੀਦ ਹੈ। 2023-2024 ਲਈ ਨਗਰ ਨਿਗਮ ਦੇ ਆਪਣੇ ਸਾਧਨਾਂ ਤੋਂ 18546.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ। ਵੱਖ-ਵੱਖ ਮੱਦਾ ਅਧੀਨ ਹੋਣ ਵਾਲੀ ਆਮਦਨ ਦਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-<br>**<u>1.ਪ੍ਰੋਪਰਟੀ ਟੈਕਸ :-</u>**<br>ਸਾਲ 2022-2023 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ ਰੁ 2200.00 ਲੱਖ ਰੁਪਏ ਦਾ ਟੀਚਾ ਫਿਕਸ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਦਸਬੰਰ 2022 ਤੱਕ ਰੁ 2460.02 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਮਾਰਚ 2023 ਤੱਕ ਕੁੱਲ 3100.00 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ। ਸਾਲ 2023-2024 ਲਈ ਇਸ ਮੱਦ ਅਧੀਨ 3200.00 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ।<br>**<u>2.ਪੰਜਾਬ ਮਿਉਂਸਪਲ ਫੰਡ:-</u>**<br>ਸਾਲ 2022-2023 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ ਰੁਪਏ 8530.00 ਲੱਖ ਦਾ ਟੀਚਾ ਫਿਕਸ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਦਸੰਬਰ 2022 ਤੱਕ ਰੁ 5107.83 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਮਾਰਚ 2023 ਤੱਕ ਰੁਪਏ 8530.00 ਲੱਖ ਰੁਪਏ ਆਮਦਨ ਹੋ ਜਾਵੇਗੀ। ਸਾਲ 2023-2024 ਦੋਰਾਨ ਇਸ ਮੱਦ ਦਾ ਬਜ਼ਟ 9500.00 ਲੱਖ ਰੁਪਏ ਦਾ ਰਖਿਆ ਗਿਆ ਹੈ।<br>**<u>3. ਬਿਜਲੀ ਉਪਰ ਚੁੰਗੀ ਹੁਣ ਮਿਉਂਸਪਲ ਟੈਕਸ:-</u>**<br>ਸਾਲ 2022-2023 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ ਰੁ 1000.00 ਲੱਖ ਦਾ ਟੀਚਾ ਫਿਕਸ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਦਸੰਬਰ 2022 ਤੱਕ ਕੋਈ ਵੀ ਆਮਦਨ ਪ੍ਰਾਪਤ ਨਹੀ ਹੋਈ। ਸਾਲ 2023-2024 ਦਾ ਬਜ਼ਟ 1500.00 ਲੱਖ ਰੁਪਏ ਦਾ ਰਖਿਆ ਗਿਆ ਹੈ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ। ਇਸ ਸਬੰਧੀ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਪ੍ਰੋਪਰਟੀ ਟੈਕਸ ਦਾ ਬਜਟ 3200.00 ਲੱਖ ਰੁਪਏ ਦਾ ਬਜਟ 3300.00 ਲੱਖ ਕੀਤਾ ਜਾਂਦਾ ਹੈ।**<br>**ਇਸ ਦੇ ਨਾਲ ਹੀ ਐਡਵਰਟਾਇਜਮੈਂਟ ਦਾ ਬਜਟ ਦਾ ਟੀਚਾ 3000.00 ਲੱਖ ਤੋਂ 3100.00 ਲੱਖ ਕੀਤਾ ਜਾਂਦਾ ਹੈ।** |

**4. ਅਡੀਸ਼ਨਲ ਐਕਸਾਈਜ਼ ਡਿਊਟੀ :-**

ਸਾਲ 2022-2023 ਵਿਚ ਇਸ ਮੱਦ ਅਧੀਨ ਰੁ. 300.00 ਲੱਖ ਰੁਪਏ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ। ਦਸੰਬਰ 2022 ਤੱਕ ਇਸ ਮੱਦ ਅਧੀਨ 156.52 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ ਅਤੇ ਮਾਰਚ 2023 ਤੱਕ ਇਸ ਮੱਦ ਅਧੀਨ ਕੁੱਲ 335.52 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ। ਸਾਲ 2023-2024 ਵਿੱਚ ਇਸ ਮੱਦ ਅਧੀਨ 350.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਹੈ।

**5. ਰੈਂਟ/ ਸਮਝੋਤਾ ਫੀਸ :-**

ਸਾਲ 2022-2023 ਵਿਚ ਇਸ ਮੱਦ ਅਧੀਨ ਰੁ 70.00 ਲੱਖ ਦਾ ਉਪਬੰਧ ਰਖਿਆ ਗਿਆ ਸੀ ਜਿਸ ਦੇ ਵਿਰੁਧ ਦਸੰਬਰ 2022 ਤੱਕ ਰੁ. 57.96 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਮਾਰਚ 2023 ਤੱਕ ਇਸ ਮੱਦ ਅਧੀਨ ਕੁੱਲ 76.23 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ। ਸਾਲ 2023-2024 ਦੇ ਬਜਟ ਵਿਚ ਇਸ ਮੱਦ ਅਧੀਨ ਰੁ 100.00 ਲੱਖ ਰੂਪਏ ਦਾ ਉਪਬੰਧ ਰਖਿਆ ਗਿਆ ਹੈ।

**6. ਕਮਿਉਨਿਟੀ ਹਾਲ ਬੁਕਿੰਗ ਫੀਸ:-**

ਸਾਲ 2022-2023 ਵਿਚ ਇਸ ਮੱਦ ਅਧੀਨ ਰੁ 42.00 ਲੱਖ ਰੂਪਏ ਦਾ ਉਪਬੰਧ ਰਖਿਆ ਗਿਆ ਸੀ। ਜਿਸ ਦੇ ਵਿਰੁੱਧ ਦਸਬੰਰ 2022 ਤੱਕ ਰੁਪਏ 27.59 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਮਾਰਚ 2023 ਦੇ ਖਤਮ ਹੋਣ ਤੱਕ ਇਸ ਮੱਦ ਅਧੀਨ 39.59 ਲੱਖ ਰੁਪਏ ਆਮਦਨ ਹੋਣ ਦੀ ਊਮੀਦ ਹੈ। ਸਾਲ 2023-2024 ਦੇ ਬਜਟ ਵਿਚ ਇਸ ਮੱਦ ਅਧੀਨ ਰੁ 60.00 ਲੱਖ ਰੂਪਏ ਦਾ ਉਪਬੰਧ ਰਖਿਆ ਗਿਆ ਹੈ।

**7. ਵਿਗਿਆਪਨਾਂ ਤੋਂ ਹੋਣ ਵਾਲੀ ਆਮਦਨ :-**

ਸਾਲ 2022-2023 ਵਿੱਚ ਇਸ ਮੱਦ ਅਧੀਨ ਰੁ 1100.00 ਲੱਖ ਦਾ ਉਪਬੰਧ ਕੀਤਾ ਗਿਆ ਸੀ ਜਿਸ ਦੇ ਵਿਰੁਧ ਮਾਹ ਦਸੰਬਰ 2022 ਤੱਕ ਰੁ 451.06 ਲੱਖ ਪ੍ਰਾਪਤ ਹੋ ਚੁਕੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ 2022-2023 ਦੇ ਖਤਮ ਹੋਣ ਤੱਕ ਰੁ 601.06 ਲੱਖ ਰੁਪਏ ਹੋਣ ਦੀ ਉਮੀਦ ਹੈ। ਸਾਲ 2023-2024 ਵਿਚ ਇਸ ਮੱਦ ਅਧੀਨ ਰੁ. 3000.00 ਲੱਖ ਦਾ ਟੀਚਾ ਰਖਿਆ ਗਿਆ ਹੈ।

**8. ਵਾਟਰ ਸਪਲਾਈ ਅਤੇ ਸੀਵਰੇਜ਼ :-**

ਸਾਲ 2022-2023 ਵਿਚ ਇਸ ਮੱਦ ਅਧੀਨ ਰੁ 130.00 ਲੱਖ ਰੁਪਏ ਦਾ ਆਮਦਨ ਬਜਟ ਰਖਿਆ ਗਿਆ ਸੀ। ਸਾਲ 2022-2023 ਦੋਰਾਨ ਦਸੰਬਰ 2022 ਤੱਕ ਇਸ ਮੱਦ ਅਧੀਨ ਨਗਰ ਨਿਗਮ ਦੀ ਆਮਦਨ 253.15 ਲੱਖ ਰੁਪਏ ਹੋ ਚੁੱਕੀ ਹੈ ਅਤੇ ਮਾਰਚ 2023 ਤੱਕ ਇਸ ਮੱਦ ਅਧੀਨ ਕੁੱਲ 343.15 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ। ਸਾਲ 2023-2024 ਲਈ 400.00 ਲੱਖ ਰੁਪਏ ਦਾ ਟੀਚਾ ਇਸ ਮੱਦ ਅਧੀਨ ਤਜਵੀਜਤ ਹੈ।

**9. ਬਿਲਡਿੰਗ ਐਪਲੀਕੇਸ਼ਨ ਫੀਸ:-**

ਸਾਲ 2022-2023 ਵਿਚ ਇਸ ਮੱਦ ਅਧੀਨ ਰੁ 25.00 ਲੱਖ ਰੁਪਏ ਦੀ ਟੀਚਾ ਰਖਿਆ ਗਿਆ ਸੀ, ਜਿਸਦੇ ਵਿਰੁੱਧ ਨਗਰ ਨਿਗਮ ਨੂੰ ਮਾਹ ਦਸਬੰਰ 2022 ਤੱਕ 0.73 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਮਾਰਚ 2023 ਤੱਕ ਇਸ ਮੱਦ ਅਧੀਨ ਕੁੱਲ 1.00 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ ਅਤੇ ਸਾਲ 2023-2024 ਵਿਚ ਇਸ ਮੱਦ ਅਧੀਨ ਰੁ 10.00 ਲੱਖ ਦਾ ਟੀਚਾ ਰਖਿਆ ਗਿਆ ਹੈ।

**10. ਲਾਇਸੈਂਸ ਫੀਸ:-**

ਸਾਲ 2022-2023 ਦੋਰਾਨ ਇਸ ਮੱਦ ਅਧੀਨ 28.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਸੀ ਜਿਸ ਵਿੱਚੋ ਦਸੰਬਰ 2022 ਤੱਕ 17.50 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ ਅਤੇ ਸਾਲ 2022-2023 ਦੇ ਅੰਤ ਤੱਕ ਆਮਦਨ ਦਾ ਟੀਚਾ 28.00 ਲੱਖ ਰੁਪਏ ਪੁਰਾ ਪ੍ਰਾਪਤ ਹੋਣ ਦੀ ਉਮੀਦ ਹੈ। ਸਾਲ 2023-2024 ਦੋਰਾਨ ਇਸ ਮੱਦ ਅਧੀਨ 50.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਹੈ।

**11. ਹੋਰ ਮੱਦਾਂ:-**

ਸਾਲ 2022-2023 ਲਈ ਹੋਰ ਮੱਦਾਂ ਜਿਵੇ ਕਿ ਕੈਟਲ ਪਾਉਡ, ਸਲਾਟਰ ਹਾਊਸ, ਸਕਰੂਟਨੀ/ਨਾਲ ਕੰਨਸਟਰਕਸ਼ਨ ਫੀਸ ਅਤੇ ਮਿਸਲੇਨਿਅਸ ਇਨਕਮ ਅਧੀਨ 182.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਜਿਸ ਵਿਰੁਧ ਇਹਨਾ ਮੱਦਾਂ ਅਧੀਨ ਮਾਹ ਦਸੰਬਰ 2022 ਤੱਕ 215.83 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ ਅਤੇ ਮਾਰਚ 2023 ਤੱਕ ਇਸ ਮੱਦ ਅਧੀਨ ਕੁੱਲ 336.99 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ। ਸਾਲ 2023-2024 ਲਈ 376.00 ਲੱਖ ਰੁਪਏ ਦੀ ਆਮਦਨ ਹੋਰ ਮੱਦਾਂ ਅਧੀਨ ਤਜਵੀਜ ਕੀਤੀ ਜਾਂਦੀ ਹੈ।

ਸਾਲ 2022-23 ਦੌਰਾਨ ਮਾਹ ਦਸੰਬਰ 2022 ਤੱਕ ਨਗਰ ਨਿਗਮ, ਐਸ.ਏ.ਐਸ ਨਗਰ ਨੂੰ 8748.19 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ ਅਤੇ ਸਾਲ ਦੇ ਅੰਤ ਤੱਕ ਕੁੱਲ ਆਮਦਨ 13391.54 ਲੱਖ ਰੁਪਏ ਪ੍ਰਾਪਤ ਕਰਨ ਦੀ ਸੰਭਾਵਨਾ ਹੈ। ਸਾਲ 2023-24 ਲਈ 18546.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

**ਖਰਚਾ:-**

ਸਾਲ 2022-23 ਲਈ ਸਰਕਾਰ ਵੱਲੋਂ 13607.00 ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਦੇ ਵਿਰੁੱਧ ਸਾਲ 2022-23 ਦੌਰਾਨ 13624.26 ਲੱਖ ਰੁਪਏ ਖ਼ਰਚਾ ਹੋਣ ਦੀ ਸੰਭਾਵਨਾ ਹੈ। ਸਾਲ 2023-2024 ਲਈ ਨਗਰ ਨਿਗਮ ਐਸ.ਏ.ਐਸ. ਵਲੋਂ ਅਮਲਾ, ਕੰਟੀਜੇਂਸੀ ਅਤੇ ਵਿਕਾਸ ਦੇ ਕੰਮਾਂ ਲਈ ਖਰਚਾ 18546.00 ਲੱਖ ਰੁਪਏ ਹੇਠ ਲਿਖੇ ਅਨੁਸਾਰ ਤਜ਼ਵੀਜ਼ ਕੀਤਾ ਜ਼ਾਦਾ ਹੈ।

**ਅਮਲਾ:-**

ਸਾਲ 2022-23 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ ਰੁ 3704.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਗਿਆ ਸੀ। ਪੰਜਾਬ ਸਰਕਾਰ ਦੁਆਰਾ ਕਰਮਚਾਰੀਆਂ ਉਪਰ 6ਵਾ ਪੇਅ ਕਮਿਸ਼ਨ ਲਾਗੂ ਕਰਨ ਕਰਕੇ ਮਾਹ ਦਸੰਬਰ 2022 ਤੱਕ 4125.68 ਲੱਖ ਰੁਪਏ ਖਰਚ ਹੋ ਚੁਕੇ ਹਨ ਅਤੇ ਮਾਹ ਮਾਰਚ 2022 ਤੱਕ ਇਸ ਮੱਦ ਅਧੀਨ ਰੁ 5907.68 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2023-2024 ਦੋਰਾਨ ਇਸ ਮੱਦ ਅਧੀਨ ਰੈਗੂਲਰ ਅਸਾਮੀਆਂ ਦਾ ਖਰਚਾ, ਰਿਟਾਇਰਮੈਂਟ ਡਿਉਜ, ਦਫ਼ਤਰੀ ਕੰਮ ਲਈ ਸਟਾਫ, ਫਾਇਰ ਸ਼ਾਖਾ, ਹੋਰਟੀਕਲਚਰ, ਬਿਜਲੀ ਸ਼ਾਖਾ ਕੈਟਲ ਕੈਚਰ, ਫੋਗਿੰਗ ਅਤੇ ਕੰਮਿਉਨਿਟੀ ਹਾਲ ਦੇ ਰੱਖ-ਰਖਾਵ ਵਿੱਚ ਆਉਟ ਸੋਰਸਜ਼ ਰਾਂਹੀ ਭਰੀਆਂ ਗਈਆਂ ਅਸਾਮੀਆਂ ਅਤੇ ਨਵੀ ਇੰਨਸੋਰਸ ਦਰਜਾ-4 ਅਸਾਮੀਆਂ ਜਿਵੇ ਕਿ ਸਫਾਈ ਸੇਵਕ/ਸੀਵਰਮੈਨ ਆਦਿ ਉਪਰ ਲਗਭਗ ਖਰਚਾ 6700.00 ਲੱਖ ਰੁਪਏ ਹੋਣ ਦੀ ਸੰਭਾਵਨਾ ਹੈ।

**ਕੰਟੀਜੈਂਸੀ ਖ਼ਰਚੇ:-**

| | | | | |
|---|---|---|---|---|
| | | | ਸਾਲ 2022-2023 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ ਰੁ 568.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਦਸੰਬਰ 2022 ਤੱਕ ਰੁ 299.28 ਲੱਖ ਰੁਪਏ ਖਰਚ ਹੋ ਚੁੱਕੇ ਹਨ । ਸਾਲ 2023-2024 ਵਿਚ ਇਸ ਮੱਦ ਅਧੀਨ ਰੁ 626.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਹੈ।<br>**<u>ਵਿਕਾਸ ਦੇ ਕੰਮਾਂ ਤੇ ਖਰਚੇ ਬਾਰੇ:–</u>**<br>ਸਾਲ 2022-2023 ਅਧੀਨ ਸਰਕਾਰ ਵਲੋਂ ਇਸ ਮੱਦ ਅਧੀਨ ਰੁ 9335.00 ਲੱਖ ਰੁਪਏ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਦਸੰਬਰ 2022 ਤੱਕ 4893.53 ਲੱਖ ਰੁਪਏ ਖਰਚ ਹੋ ਚੁਕੇ ਹਨ ਅਤੇ ਸਾਲ ਦੇ ਖਤਮ ਹੋਣ ਤੱਕ ਰੁਪਏ 2367.95 ਲੱਖ ਰੁਪਏ ਹੋਰ ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2023-2024 ਲਈ ਇਸ ਮੱਦ ਅਧੀਨ ਕੁੱਲ ਖਰਚਾ 11220.00 ਲੱਖ ਰੁਪਏ ਤਜਵੀਜ ਕੀਤਾ ਜਾਂਦਾ ਹੈ। ਜਿਸ ਵਿਚੋ 200.00 ਲੱਖ ਰੁਪਏ ਅਮਰੂਤ ਸਕੀਮ ਅਧੀਨ ਰੀਹੇਬਲਿਟੇਸ਼ਨ ਆਫ ਸੀਵਰੇਜ ਨੈਟਵਰਕ ਅਤੇ ਆਗਮੈਨਟੇਸ਼ਨ ਆਫ ਵਾਟਰ ਸਪਲਾਈ ਦੇ ਕੰਮ ਲਈ ਪ੍ਰਾਪਤ ਹੋਣ ਵਾਲੀ ਗਰਾਂਟ ਦੇ ਵਿਰੁੱਧ ਨਗਰ ਨਿਗਮ ਅਤੇ ਪੰਜਾਬ ਸਰਕਾਰ ਦੇ ਹਿੱਸੇ ਵੱਜੋ ਖਰਚ ਕਰਨੇ ਹੋਣਗੇ।<br>ਉਕਤ ਤੋਂ ਇਲਾਵਾ ਆਪ ਜੀ ਦੇ ਧਿਆਨ ਵਿੱਚ ਇਹ ਲਿਆਇਆ ਜਾਂਦਾ ਹੈ ਕਿ ਸਾਲ 2023-24 ਦਾ ਬਜਟ ਸਦਰ ਦਫ਼ਤਰ ਵੱਲੋਂ ਬਣਾਏ ਗਏ online portal ਉਪਰ ਸਬਮਿੱਟ ਕੀਤਾ ਜਾਣਾ ਹੈ, ਜੋ ਡਬਲ ਐਂਟਰੀ ਅਕਾਊਟਿੰਗ ਲੇਖਾ ਪ੍ਰਣਾਲੀ ਉਪਰ ਅਧਾਰਤਿ ਹੈ। ਜੇਕਰ ਤਜਵੀਜ ਪ੍ਰਵਾਨ ਹੋਵੇ ਤਾਂ ਉਕਤ ਰਿਪੋਰਟ ਅਨੁਸਾਰ ਸਾਲ 2022-2023 ਦਾ ਰਿਵਾਇਜਡ ਬਜ਼ਟ ਅਤੇ ਸਾਲ 2023-2024 ਦਾ ਤਜਵੀਜ਼ਤ ਬਜ਼ਟ ਨਗਰ ਨਿਗਮ ਐਕਟ 1976 ਦੀ ਧਾਰਾ 82 ਅਤੇ 86 ਅਧੀਨ ਮਾਨਯੋਗ ਹਾਉਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |

ਸਹੀ/–
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।